# ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਪੰਜਵੀ ਮੰਜਿਲ, ਬਲਾਕ-ਈ, ਫੇਜ਼-8, ਅਜੀਤਗੜ੍ਹ (ਮੋਹਾਲੀ)
ਫੋਨ ਨੰ: 0172-5212345 ਫੈਕਸ ਨ: 0172-5212369, 5212370
ਈ-ਮੇਲ:civilssa@gmail.com Website: ssapunjab.org

ਵੱਲ ਯਾਦ ਪੱਤਰ : 1

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲ੍ਹਾ ਸਿੱਖਿਆ ਅਫਸ੍ਰ (ਐ.ਸਿੱ/ਸੈ.ਸਿੱ)
ਸਮੂਹ ਸਕੂਲ ਮੁੱਖੀ (ਏਦਵਾਰਾ ਜਾਰੀ)
ਪੰਜਾਬ।

ਮੀਮੋ ਨੰ: ਸਸਅ/ਸਿਵਲ ਵਰਕਸ/2015/19992-93-94
ਮਿਤੀ, ਮੋਹਾਲੀ : 9-12-2015

ਵਿਸ਼ਾ:- ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪਖਾਨਿਆ ਦੀ ਸਫਾਈ,ਰਿਪੇਅਰ ਉਹਨਾਂ ਦੇ ਰੱਖ-ਰੱਖਾਵ ਅਤੇ ਸਕੂਲ ਚੌਗੀਰਦੇ ਦੀ ਸਫਾਈ ਸਬੰਧੀ।

ਹਵਾਲਾ ਨੰ:- ਦਫਤਰ ਦੇ ਨੰ ਪੱਤਰ ਨੰ ਸਿਵਲ ਵਰਕਸ/ਐਸ.ਐਸ.ਏ/2014/20146898 ਮਿਤੀ 26.11.2014, ਪੱਤਰ ਨੰ ਸਿਵਲ ਵਰਕਸ/ਐਸ.ਐਸ.ਏ/2015/20157898 ਮਿਤੀ 29.5.2015, ਪੱਤਰ ਪੱਤਰ ਨੰ ਸਿਵਲ ਵਰਕਸ/ਐਸ.ਐਸ.ਏ/2015/20159630 ਮਿਤੀ 24.06.2015, ਪੱਤਰ ਨੰ ਸਿਵਲ ਵਰਕਸ/ਐਸ.ਐਸ.ਏ/2015/18951-52 ਮਿਤੀ 20.11.2015, ਅਤੇ ਪੱਤਰ ਨੰ ਸਿਵਲ ਵਰਕਸ/ਐਸ.ਐਸ.ਏ/2015/18953-54 ਮਿਤੀ 20.11.2015 ਦੀ ਲਗਤਾਰਤਾ ਵਿੱਚ।

1.0 ਉਪਰੋਕਤ ਵਿੱਸ਼ੇ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਉਕਤ ਵਿਸ਼ੇ ਦੇ ਸਬੰਧ ਵਿੱਚ ਹਵਾਲੇ ਅਧੀਨ ਆਪ ਜੀ ਨੂੰ ਯਾਦ ਪੱਤਰ ਰਾਹੀਂ ਲਿਖਿਆ ਜਾਂਦਾ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਸਰਵ ਸਿੱਖਿਆ ਅਭਿਆਨ 2014-15, ਸਵੱਛ ਭਾਰਤ ਅਭਿਆਨ ਅਧੀਨ ਪ੍ਰਵਾਨ ਹੋਏ ਟੁਆਇਲਟਸ ਦੀ ਉਸਾਰੀ ਕੀਤੀ ਗਈ ਹੈ ਅਤੇ ਸਕੂਲਾ ਵਿਚ ਪਹਿਲਾਂ ਤੋ ਵੀ ਟੁਆਇਲਟਸ ਬਣੇ ਹੋਏ ਹਨ।

3.0 ਮੁੱਖ ਦਫ਼ਤਰ ਦੇ ਧਿਆਨ ਵਿਚ ਆਇਆ ਹੈ ਕਿ ਬਹੁਤ ਸਾਰੇ ਪ੍ਰਾਇਮਰੀ ਅਤੇ ਮਿਡਲ ਜਾਂ ਪ੍ਰਾਇਮਰੀ ਅਤੇ ਹਾਈ /ਸਸ ਸਕੂਲਾਂ ਇੱਕ ਹੀ ਕੈਂਪਸ ਵਿੱਚ ਚਲਦੇ ਹਨ ਅਤੇ ਦੇਖਣ ਵਿੱਚ ਆਇਆ ਹੈ ਕਿ ਕੈਂਪਸ ਵਿੱਚ ਇੱਕ ਸਕੂਲ ਪਾਸ ਕਈ ਟੁਆਇਲਟਸ ਬਣੇ ਹੋਏ ਹਨ ਉਹਨਾਂ ਨੂੰ ਬੰਦ ਰੱਖਿਆ ਹੋਇਆ ਹੈ ਪਰ ਨਾਲ ਹੀ ਕੈਂਪਸ ਵਿੱਚ ਚਲਦੇ ਸਕੂਲਾਂ ਨੂੰ ਟੁਆਇਲਸ ਦੀ ਵਰਤੋਂ ਨਹੀ ਕੀਤੀ ਜਾਣ ਦੇ ਰਹੀ ਇਥੇ ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ ਇੱਕ ਹੀ ਕੈਂਪਸ ਵਿੱਚ ਚੱਲ ਰਹੇ ਪ੍ਰਾਇਮਰੀ/ਮਿਡਲ/ਹਾਈ/ਸਸ ਸਕੂਲ ਸਮੂਹ ਬੱਚਿਆਂ ਲਈ ਟੁਆਇਲਟਸ ਇੱਕਠੇ ਵਰਤੋਂ ਕਰਨਗੇ।

4.0 ਇਸੇ ਹੀ ਤਰਾਂ ਨਾਲ ਬਹੁਤ ਸਾਰੇ ਸਕੂਲਾਂ ਵਿੱਚ DFT ਟੁਆਇਲਟਸ CWSN ਬੱਚਿਆਂ ਲਈ ਬਣਈਆਂ ਹੋਈਆਂ ਹਨ ਪਰ ਉਹਨਾਂ ਨੂੰ ਅਜਿਹੇ ਬੱਚੇ ਨਾ ਹੋਣ ਕਾਰਨ ਇਹਨਾ ਦੀ ਵਰਤੋਂ ਦੂਜੇ ਬੱਚਿਆ ਨੂੰ ਨਹੀ ਕਰਨ ਦਿੱਤੀ ਜਾ ਰਹੀ ਇਥੇ ਇਹ ਵੀ ਸੱਪਸ਼ਟ ਕੀਤਾ ਜਾਂਦਾ ਹੈ ਕਿ ਇਹ ਟੁਆਇਲਟਸ ਉਹਨਾਂ ਬੱਚਿਆਂ ਤੋਂ ਇਲਾਵਾ ਦੂਸਰੇ ਬੱਚਿਆਂ ਨੂੰ ਆਮਵਾਂਗ ਵਰਤਣ ਦਿੱਤੀ ਜਾਵੇ ਅਤੇ ਇਸ ਨੂੰ ਹਰ ਰੋਜ਼ ਬੱਚਿਆਂ ਦੀ ਵਰਤੋਂ ਲਈ ਖੁਲਾ ਰੱਖਿਆ ਜਾਵੇ।

5.0 ਸਕੂਲ ਵਿੱਚ ਮੌਜੂਦ ਸਾਰੇ ਟੁਆਇਲਟਸ ਸਮੇਤ ਸਟਾਫ ਟੁਆਇਲਟਸ ਨੂੰ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਲੜਕੇ ਅਤੇ ਲੜਕੀਆਂ ਦੇ ਟੁਆਇਲਟਸ ਵਿੱਚ ਵੰਡ ਲਿਆ ਜਾਵੇ।ਲੜਕੇ ਅਤੇ ਜੈਂਟਸ ਸਟਾਫ

ਸਾਂਝੇ ਤੌਰ ਤੇ ਟੁਆਇਲਟਸ ਦੀ ਵਰਤੋਂ ਕਰਨਗੇ ਅਤੇ ਲੜਕੀਆਂ ਅਤੇ ਲੇਡੀ ਸਟਾਫ ਸਾਂਝੇ ਤੌਰ ਤੇ ਟੁਆਇਲਟਸ ਦੀ ਵਰਤੋਂ ਕਰਨਗੇ ਭਾਵ ਸਟਾਫ ਲਈ ਕੋਈ ਵਖਰਾ ਟੁਆਇਲਟ ਨਹੀ ਹੋਵੇਗਾ।

6.0 ਬਹੁਤ ਸਾਰੇ ਸਕੂਲਾਂ ਵਿੱਚ ਟੁਆਇਲਟਸ ਇਸ ਕਰਕੇ ਬੰਦ ਹੋ ਜਾਂਦੇ ਹਨ ਕਿ ਛੁੱਟੀਆਂ ਤੋਂ ਬਾਅਦ ਵਿੱਚ ਟੁਆਇਲਟਸ ਦੀ ਵਰਤੋਂ ਨਾ ਹੋਣ ਕਾਰਨ ਟੁਆਇਲਟ ਸੀਟ (WC) ਵਿੱਚ ਲੱਗੀ ਵਾਟਰ ਸੀਲ ਵਿੱਚ ਪਾਣੀ ਸੁੱਕ ਜਾਂਦਾ ਹੈ ਅਤੇ ਛੁੱਟੀਆਂ ਤੋਂ ਬਾਅਦ ਉਸੇ ਹੀ ਤਰਾਂ ਨਾਲ ਟੁਆਇਲਟਸ ਦੀ ਵਰਤੋਂ ਸ਼ੁਰੂ ਕਰ ਦਿੱਤੀ ਜਾਂਦੀ ਹੈ ਜਿਸ ਕਾਰਨ ਟੁਆਇਲਟਸ ਬੰਦ (choke) ਹੋ ਜਾਂਦੀ ਹੈ।ਸੁਝਾਵ ਹੈ ਕਿ ਛੁੱਟੀਆਂ ਤੋਂ ਬਾਅਦ ਟੁਆਇਲਟਸ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਉਸ ਦੀ ਸਫਾਈ ਕਰਵਾ ਲਈ ਜਾਵੇ ਅਤੇ ਉਸ ਵਿੱਚ ਪਾਣੀ ਵੀ ਛੱਡਿਆ ਜਾਵੇ ਜਿਸ ਨਾਲ ਉਸ ਵਿੱਚ ਦੁਬਾਰਾ ਵਾਟਰ ਸੀਲ ਬਣ ਜਾਵੇਗੀ ਇਸ ਤਰਾਂ ਕਰਨ ਨਾਲ ਟੁਆਇਲਸ ਬੰਦ ਨਹੀ ਹੋਵੇਗੀ।

7.0 ਟੁਆਇਲਟਸ ਦੇ ਨਾਲ ਬਣੇ ਸੈਪਟਿਕ ਟੈਂਕ ਵਿੱਚੋਂ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਕੀਤੀ ਜਾਵੇ ਅਤੇ ਇਸ ਵਿੱਚੋ ਗੈਸ (Vent Pipe) ਵੀ ਰੱਖੀ ਜਾਵੇ।

8.0 ਸਮੂਹ ਸਕੂਲ ਮੇਨਜਮੈਂਟ ਕਮੇਟੀਆਂ ਦੇ ਚੇਅਰਮੈਨ ਅਤੇ ਮੈਬਰਾਂ ਦੇ ਧਿਆਨ ਵਿੱਚ ਲਿਆਦਾ ਜਾਵੇ ਕਿ ਸਕੂਲਾ ਵਿੱਚ ਟੁਆਇਲਟਸ ਦੀ ਸਾਫ ਸਫਾਈ ਸਬੰਧੀ ਸਹਿਯੋਗ ਦਿੱਤਾ ਜਾਵੇ।

9.0 ਸਕੂਲ ਵਿੱਚ ਬੱਚਿਆ ਲਈ ਕਲਾਸ ਰੂਮ ਵਿੱਚ ਲਾਈਟਸ ਦਾ ਖਾਸ ਪ੍ਰਬੰਧ ਕੀਤਾ ਜਾਵੇ ਤਾਂ ਜੋਂ ਬੱਚਿਆਂ ਨੂੰ ਪੜ੍ਹਾਈ ਵਿਚ ਕੋਈ ਪ੍ਰਸ਼ਾਨੀ ਨਾ ਆਵੇ।

ਉਪਰੋਕਤ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਬੱਚਿਆਂ ਨੂੰ ਵੀ ਸਮੇਂ ਸਮੇਂ ਟੁਆਇਲਟਸ ਦੇ ਰੱਖ ਰੱਖਾਵ ਅਤੇ ਇਨਾਂ ਨੂੰ ਸੁਚੱਜੇ ਢੰਗ ਨਾਲ ਵਰਤਣ ਸਬੰਧੀ ਜਾਣਕਾਰੀ ਦਿੱਤੀ ਜਾਵੇ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।